# ਰੇਡੀਓ ਲੜੀਵਾਰ:ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ–20 ਜਲਵਾਯੂ–ਪਰਿਵਰਤਨ ਦੇ ਮਾੜੇ ਪ੍ਰਭਾਵ – ਭਾਗ 1

## (‘Climate Change –Harmful Impact -1 )

**ਮੁੱਖ ਖੋਜ ਤੇ ਲੇਖਣ: ਸ਼੍ਰੀ ਦਿਲੀਪ ਕੁਮਾਰ ਝਾ**

**ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ**

(In this episode, ‘Climate Change –Harmful Impact -1’, the story of the harmful consequences of the phenomenon of the climate change on various aspects of the globe and human life have been discussed as a dialogue in a family setting by taking the story of clogging of roads and vehicular traffic jam due to heavy rains. The melting of ice cap of anarctica and thus leading to rise in sea level , drowning of the sea shore populace, the impact of the same in reduction of the carbon dioxide absorbing power of the sea water, in polluting the water courses and thus leading to poisoning of the fish population that in turn affects the human health adversely, soil erosion , draught and heavy rains playing havoc with human life , impact on the river deltas of Ganges and Brahamputra ,shift of rain thrust from North to southwards, loss of micro-organisms of the sea, loss of biodiversity, reduction in herbivorus due to fall in vegetation leading to elimination of carnivore too, multidimensional change in agri production and so on has been discussed. )

(ਇਸ ਕੜੀ ‘ਜਲਵਾਯੂ ਪਰਿਵਰਤਨ ਦੇ ਮਾੜੇ ਪ੍ਰਭਾਵ ਭਾਗ -1’ ਵਿੱਚ ਜਲਵਾਯੂ ਪਰਿਵਰਤਨ ਵਰਤਾਰੇ ਦੇ ਧਰਤ ਗ੍ਰਹਿ ਦੇ ਵੱਖ -ਵੱਖ ਪੱਖਾਂ ਉਪਰ ਅਤੇ ਮਨੁੱਖੀ ਜੀਵਣ ਦੇ ਲਈ ਨਿੱਕਲਨ ਵਾਲੇ ਮਾੜੇ ਨਤੀਜਿਆਂ ਦੀ ਕਹਾਣੀ ਇੱਕ ਪਰਿਵਾਰਕ ਵਾਰਤਾਲਾਪ ਰਾਹੀਂ ਸੁਣਾਈ ਗਈ ਹੈ ਜਿਸਦੀ ਸੁਰੂਆਤ ਅੰਧਾ-ਧੁੰਦ ਵਰਖਾ ਕਾਰਨ ਸੜਕਾਂ ਤੇ ਵਾਹਨਾ ਦੇ ਫਸਣ ਕਰਕੇ ਲੱਗੇ ਜਾਮ ਤੋਂ ਕੀਤੀ ਗਈ ਹੈ । ਦੱਖਣੀ ਧਰੁਵ ਦੀਆਂ ਬਰਫਾਨੀ ਚੋਟੀਆਂ ਦੀ ਬਰਫ ਦੇ ਪਿਘਲਣ ਨਾਲ ਸਮੁੰਦਰੀ ਜਲ ਦੇ ਪੱਧਰ ਦੇ ਵਧਣ ਕਰਕੇ ਸਮੁੰਦਰੀ ਤਟਵਰਤੀ ਇਲਾਕਿਆਂ ਦੀ ਆਬਾਦੀ ਦਾ ਜਲਮਗਨ ਹੋਣਾ , ਸਮੁੰਦਰ ਦੀ ਕਾਰਬਨ ਡਾਈ ਅਕਸਾਈਡ ਨੂੰ ਸੋਖਣ ਦੀ ਸਮਰੱਥਾ ਦਾ ਘਟਣਾ, ਪਾਣੀ ਦੇ ਸ੍ਰੋਤਾਂ ਵਿੱਚ ਜਹਿਰਬਾ ਫੈਲਣ ਨਾਲ ਮੱਛੀਆਂ ਤੇ ਜਲ ਜੀਵਾਂ ਵਿੱਚ ਜਹਿਰ ਬਾ ਜੋ ਕਿ ਮਨੁਖੀ ਸਿਹਤ ਲਈ ਘਾਤਕ ਹੋ ਨਿਬੜੇਗਾ , ਭੋਂ -ਖੋਰ, ਔੜ ਤੇ ਤੇਜ ਵਰਖਾ ਜੋ ਮਨੁੱਖੀ ਜਵਿਣ ਨੂੰ ਕਰ ਦੇਣਗੇ ਅਸਤ – ਵਿਅਸਤ, ਗੰਗਾ ਤੇ ਬ੍ਰਹਮਪੁੱਤਰ ਵਰਗੇ ਦਰਿਆਵਾਂ ਦੇ ਮੁਹਾਨਿਆ ਤੇ ਮਾੜਾ ਪ੍ਰਭਾਵ , ਵਰਖਾ ਦੀ ਬਹੁਲਤਾ ਦਾ ਉਤਰ ਤੋਂ ਦੱਖਣ ਵੱਲ ਨੂੰ ਚਾਲਾ, ਸਾਗਰੀ ਸੂਖਮ ਜੀਵਾਂ ਦਾ ਖਾਤਮਾ , ਜੈਵਿਕ ਭਿੰਨਤਾ ਦਾ ਨੁਕਸਾਨ , ਬਨਸਪਤੀ ਘਟਣ ਕਰਕੇ ਸ਼ਾਕਾਹਾਰੀਆਂ ਦਾ ਖਾਤਮਾ ਜਿਨ੍ਹਾਂ ਕਰਕੇ ਉਨ੍ਹਾਂ ਤੇ ਨਿਰਭਰ ਮਾਸਾਹਾਰੀਆਂ ਦਾ ਵੀ ਖਾਤਮਾ, ਖੇਤੀਬਾੜੀ ਦੇ ਉਤਪਾਦਨ ਵਿੱਚ ਤਰ੍ਹਾਂ ਤਰ੍ਹਾਂ ਦੇ ਬਦਲਾਅ ਤੇ ਹੋਰ ਅਜਿਹੇ ਪ੍ਰਭਾਵਾਂ ਬਾਬਤ ਚਰਚਾ ਕੀਤੀ ਗਈ ਹੈ ।)

**ਪਾਤਰ**

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

**ਅਕਾਸ਼:** ਸੱਤਵੀਂ ਜਮਾਤ ਦਾ ਵਿਦਿਆਰਥੀ

**ਬਾਨੀ:** ਦਸਵੀਂ ਜਮਾਤ ਦੀ ਵਿਦਿਆਰਥਣ

**ਪ੍ਰੋ. ਬੱਤਰਾ (ਪਿਤਾ ਜੀ):** ਰਸਾਇਣ ਸ਼ਾਸਤਰ ਦੇ ਪ੍ਰੋਫੈਸਰ

**ਦਾਮਿਨੀ (ਮਾਂ):** ਵਿਗਿਆਨ ਦੀ ਅਧਿਆਪਿਕਾ

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ**......

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਵੀਹਵੀਂ ਕੜੀ "ਜਲਵਾਯੂ ਪਰਿਵਰਤਨ ਦੇ ਮਾੜੇ ਪ੍ਰਭਾਵ ਭਾਗ** -1"।

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ **"ਜਲਵਾਯੂ ਬਦਲਾਅ ਦੀ ਵਿਗਿਆਨ"** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਵੀਹਵੀਂ ਕੜੀ ਵਿੱਚ।

**ਮਰਦ ਸੂਤਰਧਾਰ:** ਹਾਂ! ਇਸ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਪਿਛਲੀ ਕੜੀ ਵਿੱਚ ਕੀਤੀ ਸੀ ਅਸੀਂ ਚਰਚਾ ਉਨ੍ਹਾਂ ਕਹਾਣੀਆਂ ਦੀ ... ਸੁਣੀਆਂ ਸਨ ਜੋ ਪਿਛਲੀਆਂ ਦਸ ਕੜੀਆਂ ਵਿੱਚ!

**ਔਰਤ ਸੂਤਰਧਾਰ:** ਸੁਣਿਆ ਸੀ ਅਸੀਂ ਕਿ 52 ਕੜੀਆਂ ਵਾਲੇ ਇਸ ਲੜੀਵਾਰ ਛੇ ਭਾਗਾਂ ਦੇ ਵਿੱਚੋਂ ਦੂਜੇ ਭਾਗ ਦੀਆਂ ਦਸ ਲੜੀਆਂ ਹੋ ਗਈਆਂ ਸਨ ਸਮਾਪਤ । ਉਨ੍ਹਾਂ ਵਿੱਚੋਂ ਉਨੀਵੀਂ ਕੜੀ ਵਿੱਚ ਚਰਚਾ ਨਾਲ ਪੂਰਾ ਹੋ ਗਿਆ ਸੀ ਲੜੀਵਾਰ ਦਾ ਦੂਜਾ ਭਾਗ!

**ਮਰਦ ਸੂਤਰਧਾਰ:** ਹਾਂ ਜੀ ਪਹਿਲੇ ਅੱਧ ਦੀਆਂ 26 ਕੜੀਆਂ ਦੇ ਤਿੰਨ ਭਾਗਾਂ ਵਿੱਚੋਂ ਦੂਜੇ ਭਾਗ ਦੀ ਆਖਰੀ ਤੇ ਉਨੀਵੀਂ ਕੜੀ ਰਾਹੀਂ ਅਸੀਂ ਕੀਤੀ ਸੀ ਚਰਚਾ ਦੂਰ ਕਰਨ ਵਾਸਤੇ ਆਪਣੇ ਸ਼ੰਕੇ ਜਿਹੜੇ ਉੱਠੇ ਸਨ ਸਾਡੇ ਮਨਾ ਦੇ ਅੰਦਰ ਦਸ ਕੜੀਆਂ ਦੀਆਂ ਕਹਾਣੀਆਂ ਸੁਣਨ ਤੋਂ ਬਾਅਦ!

**ਔਰਤ ਸੂਤਰਧਾਰ:** ਇਸ ਚਰਚਾ ਨਾਮੀ ਕੜੀ ਵਿੱਚ ਅਸੀਂ ਛੋਹੇ ਸਨ ਕਈ ਨੁਕਤੇ! ਵੱਖ ਵੱਖ ਨੁਕਤਿਆਂ 'ਤੇ ਪੇਸ਼ ਕੀਤੇ ਸਨ ਜਵਾਬ... ਬਹੁਤ ਸਾਰੇ ਪ੍ਰਸ਼ਨਾਂ ਦੇ!

**ਮਰਦ ਸੂਤਰਧਾਰ:** ਕੀਤੀ ਸੀ ਪੇਸ਼ਕਾਰੀ ਉਨ੍ਹਾਂ ਮਾਹਰਾਂ ਦੇ ਜਵਾਬਾਂ ਦੀ ਤੇ ਵਿਆਖਿਆ ਦੀ ਜੋ ਕਰਦੇ ਨੇ ਇਹ ਮਾਹਰ ਇਸ ਧਰਤੀ ਦੇ ਜਲਵਾਯੂ ਵਿੱਚ ਹੋ ਰਹੇ ਬਦਲਾਅ ਦੇ ਕਾਰਨਾਂ ਅਤੇ ਸਿੱਟਿਆਂ ਦੀ । ਦਿੱਤੇ ਸਨ ਜਵਾਬ ਉੱਠੇ ਪ੍ਰਸ਼ਨਾਂ ਦੇ ਸਾਡੀ ਸ਼ੰਕਾ ਨਵਿਰਤੀ ਦੇ ਵਾਸਤੇ!

**ਔਰਤ ਸੂਤਰਧਾਰ:** ਵੇਖੋ ਜੀ! ਸੁਣ ਲਿਆ ਸੀ ਅਸੀਂ 'ਸਾਗਰ ਦਾ ਗੀਤ' ਕਿ ਕਿਵੇਂ ਇਸ ਧਰਤੀ ਦੇ ਉਪਰ 70% ਭਾਗ ਤੇ ਰਾਜ ਹੈ ਸਾਗਰਾਂ ਦਾ ਜਿਨ੍ਹਾਂ ਨੇ ਢੱਕ ਰੱਖਿਆ ਹੈ ਦੋ ਤਿਹਾਈ ਤੋਂ ਵੱਧ ਧਰਤੀ ਨੂੰ ਆਪਣੇ ਠਾਠਾਂ

ਮਾਰਦੇ ਜਲ ਨਾਲ ਧੁਰ ਡੂੰਘਾਈਆਂ ਤੱਕ !

**ਮਰਦ ਸੂਤਰਧਾਰ:** ਸਪਸ਼ਟ ਹੋ ਗਿਆ ਸੀ ਕਿ ਵਿਕਾਸ ਦੇ ਮੌਜੂਦਾ ਮਾਡਲ ਨੇ ਅਜਿਹੀਆਂ ਮਨੁੱਖੀ ਗਤੀਵਿਧੀਆਂ ਅਤੇ ਜੀਵਣਸ਼ੈਲੀ ਨੂੰ ਦਿੱਤਾ ਹੈ ਜਨਮ, ਜਿਹੜੀਆਂ ਵਧਾ ਰਹੀਆਂ ਨੇ ਇਸ ਧਰਤੀ ਦੀ ਤਪਸ਼ ਨੂੰ ! ਆਧੁਨਿਕ ਜੀਵਣ ਸ਼ੈਲੀ ਨੇ ਵਧਾ ਦਿੱਤੀਆਂ ਨੇ ਊਰਜਾ ਲੋੜਾਂ, ਜਿਸਦੇ ਫਲਸਰੂਪ ਤਾਪ ਬਿਜਲੀ ਘਰਾਂ ਦੀ ਵਧਦੀ ਗਿਣਤੀ ਜਾਂ ਊਰਜਾ ਪੈਦਾ ਕਰਨ ਦੇ ਨਵੇਂ-ਨਵੇਂ ਸ੍ਰੋਤ ਬਣ ਰਹੇ ਨੇ ਤਪਸ਼ ਵਧਾਉਣ ਦਾ ਕਾਰਨ !

**ਔਰਤ ਸੂਤਰਧਾਰ:** ਸੁਣੀ ਸੀ ਕਹਾਣੀ ਕਿ ਕਿਵੇਂ ਉਦਯੋਗਿਕ ਵਿਕਾਸ ਦਾ ਇਹ ਕਾਰਪੋਰੇਟ ਮਾਡਲ ਖਪਤ ‘ਤੇ ਆਧਾਰਤ ਹੈ ! ਕਿਵੇਂ ਇਸ ਰਾਹੀਂ ਪੈਦਾ ਕੀਤੀਆਂ ਗੈਸਾਂ ਕਰਦੀਆਂ ਨੇ ਖੀਣ ਇਸ ਧਰਤੀ ਦੀ ਕਾਰਬਨ ਸੋਖਣ ਸਮਰੱਥਾ ਨੂੰ !

**ਮਰਦ ਸੂਤਰਧਾਰ:** ਅੱਜ ਦੀ ਇਸ ਕੜੀ ਵਿੱਚ ਸੁਣਾਂਗੇ ਅਸੀਂ ਕਹਾਣੀ, ਜਲਵਾਯੂ ਦੇ ਬਦਲਾਅ ਕਾਰਨ ਸਾਡੇ ਜੀਵਣ ਉਪਰ ਅਤੇ ਇਸ ਧਰਤ ਗ੍ਰਹਿ ‘ਤੇ ਪੈਂਦੇ ਬੁਰੇ ਪ੍ਰਭਾਵਾਂ ਦੀ ।

**ਔਰਤ ਸੂਤਰਧਾਰ** : ਸੁਣੋ ਇਸ ਨਵੇਂ ਲੜੀਵਾਰ **‘ਕਿਉਂ ਬਦਲ ਰਹੀ ਹੈਂ ਫਿਜ਼ਾਏਂ’** ਦੀ ਵੀਹਵੀਂ ਕੜੀ **“ਜਲਵਾਯੂ-ਪਰਿਵਰਤਨ ਦੇ ਮਾੜੇ ਪ੍ਰਭਾਵ - ਭਾਗ 1”!** ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਦੂਜਾ**......

(ਸਵੇਰੇ ਸਕੂਲ ਅਤੇ ਕਾਲਜ ਜਾਣ ਦੀ ਤਿਆਰੀ, ਰਸੋਈ ਘਰ ਵਿਚੋਂ ਬਰਤਨਾਂ ਦੀ ਆਵਾਜ਼)

**ਬਾਨੀ:** ਮਾਂ, ਓ ਮਾਂ, ਮੇਰਾ ਨਾਸ਼ਤਾ ਜਲਦੀ ਦਿਓ, ਮੈਂ ਸਕੂਲ ਜਾਣ ਲਈ ਲੇਟ ਹੋ ਰਹੀ ਹਾਂ।

**ਅਕਾਸ਼:** ਬਾਨੀ ਦੀ, ਤੁਹਾਨੂੰ ਅੱਜ ਨਾਸ਼ਤਾ ਨਹੀਂ ਮਿਲੇਗਾ, ਤੁਸੀਂ ਪੜ੍ਹਾਈ ਨਹੀਂ ਕਰਦੇ ਤਾਂ ਅੱਜ ਤੁਹਾਡਾ ਨਾਸ਼ਤਾ ਬੰਦ।

**ਬਾਨੀ:** ਤੂੰ ਤਾਂ ਚੁੱਪ ਹੀ ਰਹਿ, ਸਾਰੀ ਰਾਤ ਮੋਬਾਇਲ ‘ਤੇ ਲੱਗਿਆ ਰਹਿੰਦੈਂ! ਇਸ ਤਰ੍ਹਾਂ ਹੋਏਂਗਾ ਤੂੰ ਪਾਸ !

**ਅਕਾਸ਼:** ਕੁਝ ਵੀ ਕਹੋ, ਪਰ ਅੱਜ ਤੁਹਾਨੂੰ ਨਾਸ਼ਤਾ ਨਹੀਂ ਮਿਲੇਗਾ !

**ਬਾਨੀ:** ਮਾਂ, ਸੁਣੋ ਤਾਂ ਸਹੀ ! ਕੀ ਕਹਿ ਰਿਹਾ ਐ ਇਹ ਆਕਾਸ਼ ?

**ਮਾਂ:** (ਹੱਸਦੇ ਹੋਏ) ਅਕਾਸ਼ ਠੀਕ ਕਹਿ ਰਿਹਾ ਏ ਬਾਨੀ, ਅਜੇ ਤੇਰਾ ਨਾਸ਼ਤਾ ਨਹੀਂ ਬਣਿਆ।

**ਬਾਨੀ:** ਅਜਿਹਾ ਕਿਉਂ ? ਪਿਤਾ ਜੀ ! ਇਹ ਸਭ ਕੀ ਕਹਿ ਰਹੇ ਨੇ ?

**ਪਿਤਾ ਜੀ:** (ਸਮਝਾਉਂਦੇ ਹੋਏ) ਪਰੇਸ਼ਾਨ ਨਾ ਹੋ , ਆਰਾਮ ਨਾਲ ਨਾਸ਼ਤਾ ਕਰ, ਤੁਹਾਡਾ ਸਕੂਲ ਇਕ ਹਫਤੇ ਲਈ ਪ੍ਰਸ਼ਾਸਨ ਨੇ ਬੰਦ ਕਰ ਦਿੱਤਾ ਏ।

**ਬਾਨੀ:** (ਹੈਰਾਨੀ ਨਾਲ) ਹੈਂ ! ਕਿਉਂ ?

**ਪਿਤਾ ਜੀ:** ਤੂੰ ਖੁਦ ਹੀ ਮਹਿਸੂਸ ਕੀਤਾ ਏ ਨਾ ਕਿ ਪਿਛਲੇ ਕੁਝ ਦਿਨਾਂ ਤੋਂ ਗਰਮੀ ਵਧਦੀ ਜਾ ਰਹੀ ਸੀ। ਵਿੱਚ ਵਿੱਚ ਬਾਰਸ਼ ਹੋ ਰਹੀ ਸੀ ! ਪਰ ਕੱਲ੍ਹ ਤੋਂ ਹੋ ਰਹੀ ਬਾਰਿਸ਼ ਨੇ ਤਾਂ ਸਾਰੇ ਰਿਕਾਰਡ ਤੋੜ ਦਿੱਤੇ। ਸਾਰਾ ਸ਼ਹਿਰ ਪਾਣੀ ਨਾਲ ਭਰਿਆ ਪਿਆ ਏ, ਨੇੜੇ-ਤੇੜੇ ਦੀਆਂ ਬਸਤੀਆਂ ਤੇ ਪਿੰਡ ਜਲ-ਮਗਨ ਹੋ ਗਏ ਨੇ। ਸਾਰੇ ਸਕੂਲਾਂ ਤੇ ਕਾਲਜਾਂ ਨੂੰ ਬੰਦ ਕਰਕੇ ਪੀੜਤ ਲੋਕਾਂ ਦੇ ਰਹਿਣ ਦਾ ਇੰਤਜ਼ਾਮ ਕੀਤਾ ਗਿਆ ਏ। ਰਾਸ਼ਟਰੀ ਆਫਤਾਂ ਪ੍ਰਬੰਧਨ ਬਲ ਦੇ ਜਵਾਨ ਜਲ-ਮਗਨ ਖੇਤਰਾਂ ਤੋਂ ਲੋਕਾਂ ਨੂੰ ਲਿਆ ਕੇ ਇਥੇ ਠਹਿਰਾ ਰਹੇ ਨੇ।

**ਬਾਨੀ:** ਓਹ! ਰਾਤ ਭਿਆਨਕ ਬਾਰਿਸ਼ ਦੀਆਂ ਅਵਾਜ਼ਾਂ ਤਾਂ ਆ ਰਹੀਆਂ ਸੀ ਪਰ ਮੈਂ ਆਪਣਾ ਪ੍ਰਾਜੈਕਟ ਤਿਆਰ ਕਰਨ ਵਿਚ ਐਨੀ ਮਸਤ ਸੀ ਕਿ ਧਿਆਨ ਹੀ ਨਹੀਂ ਗਿਆ !

**ਪਿਤਾ ਜੀ:** ਕੋਈ ਗੱਲ ਨਹੀਂ, ਹੁਣ ਆਰਾਮ ਨਾਲ ਨਾਸ਼ਤਾ ਕਰ !

**ਅਕਾਸ਼:** ਪਰ ਪਿਤਾ ਜੀ, ਕੀ ਐਨੀ ਗਰਮੀ ਤੇ ਬੇ-ਮੌਸਮੀ ਬਰਸਾਤ, ਪਹਿਲਾਂ ਵੀ ਹੁੰਦੀ ਸੀ ?

**ਪਿਤਾ ਜੀ:** ਨਹੀਂ ! ਪਰ ਹੁਣ ਕਹਿੰਦੇ ਨੇ ਕਿ ਜਲਵਾਯੂ-ਪਰਿਵਰਤਨ ਦੇ ਪ੍ਰਭਾਵਾਂ ਕਾਰਨ ਅਜਿਹਾ ਹੋ ਰਿਹਾ ਏ।

**ਅਕਾਸ਼:** ਜਲਵਾਯੂ-ਪਰਿਵਰਤਨ (ਹੈਰਾਨੀ ਨਾਲ)-! ਜਰਾ ਖੋਲ੍ਹ ਕੇ ਦੱਸੋ !

**ਬਾਨੀ:** ਹਾਂ, ਸਾਡੇ ਅਧਿਆਪਕ ਵੀ ਜਲਵਾਯੂ-ਪਰਿਵਰਤਨ ਦੀਆਂ ਗੱਲਾਂ ਦੱਸਦੇ ਸਨ।

**ਪਿਤਾ ਜੀ:** ਖ਼ਬਰਾਂ ਦਾ ਸਮਾਂ ਹੋ ਗਿਆ, ਪਹਿਲਾਂ ਖ਼ਬਰਾਂ ਸੁਣਦੇ ਹਾਂ ! ਜ਼ਰਾ ਰੇਡਿਓ ਆਨ ਕਰੋ।

**ਰੇਡਿਓ ਦੀ ਅਵਾਜ਼:** ਇਹ ਆਕਾਸ਼ਵਾਣੀ ਹੈ, ਸਭ ਤੋਂ ਪਹਿਲਾਂ ਮੁੱਖ ਖ਼ਬਰਾਂ - ਪ੍ਰਧਾਨ ਮੰਤਰੀ ਨੇ ਕੌਸ਼ਲ ਵਿਕਾਸ ਅਥਾਰਿਟੀ ਬਨਾਉਣ ਦਾ ਐਲਾਨ ਕੀਤਾ ਹੈ ...................... ਪਿਛਲੇ ਕੁਝ ਦਿਨਾਂ ਦੀ ਅੱਤ ਦੀ ਗਰਮੀ ਤੋਂ ਬਾਅਦ ਹੁਣ ਬਾਰਿਸ਼ ਨੇ ਕਈ ਸ਼ਹਿਰਾਂ ਵਿਚ ਤਬਾਹੀ ਮਚਾ ਦਿੱਤੀ ਹੈ। ਸੰਯੁਕਤ ਰਾਸ਼ਟਰ ਦੇ ਵਾਤਾਵਰਨ ਪ੍ਰਮੁੱਖ ਏਰਿਕ ਸੋਲਹੇਮ ਨੇ ਕਿਹਾ ਹੈ ਕਿ ਵਧਦੇ ਪ੍ਰਦੂਸ਼ਣ ਅਤੇ ਜਲਵਾਯੂ-ਪਰਿਵਰਤਨ ਦੇ ਕਾਰਨ ਵਿਸ਼ਵ ਦੇ ਕਈ ਦੇਸ਼ ਪ੍ਰਭਾਵਿਤ ਹੋ ਰਹੇ ਹਨ.........

**ਅਕਾਸ਼:** (ਇਕ ਸੁਰ ਵਿਚ) ਜਲਵਾਯੂ-ਪਰਿਵਰਤਨ ਨਾਲ ਕਈ ਦੇਸ਼ ਪ੍ਰਭਾਵਿਤ ਹੋ ਰਹੇ ਨੇ! ਆਖ਼ਿਰ ਅਜਿਹਾ ਕਿਉਂ?

**ਮਾਂ:** ਚਲੋ ! ਪਹਿਲਾਂ ਖਾਣਾ ਖਾ ਲਓ, ਫੇਰ ਹੋਣਗੀਆਂ ਗਿਆਨ ਦੀਆਂ ਗੱਲਾਂ !

**ਬਾਨੀ+ਅਕਾਸ਼:** (ਇਕ ਸੁਰ ਵਿਚ) ਠੀਕ ਹੈ !

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਤੀਜਾ**……

(ਖਾਣੇ ਦੇ ਮੇਜ ਤੇ ਸਾਰੇ ਜੀਅ ਖਾਣਾ ਖਾ ਰਹੇ ਹਨ, ਵਾਰਤਾਲਾਪ ਵੀ ਜਾਰੀ ਹੈ!)

**ਮਾਂ:** ਵੇਖੋ, ਜਲ ਤੇ ਵਾਯੂ ਜੀਵਨ ਲਈ ਜ਼ਰੂਰੀ ਨੇ।ਇਨ੍ਹਾਂ ਵਿਚਲੇ ਦੀਰਘ ਕਾਲੀਨ ਬਦਲਾਅ ਨੂੰ ਜਲਵਾਯੂ-ਪਰਿਵਰਤਨ ਕਹਿੰਦੇ ਹਨ।ਦੁਨੀਆਂ ਦੇ ਭਿੰਨ-ਭਿੰਨ ਦੇਸ਼ਾਂ 'ਚ ਹਜ਼ਾਰਾਂ ਸਾਲਾਂ ਤੋਂ ਜੋ ਤਾਪਮਾਨ ਬਣਿਆ ਹੋਇਆ ਸੀ, ਹੁਣ ਉਹ ਬਦਲ ਰਿਹਾ ਏ, ਵਧ ਰਿਹਾ ਏ, ਸਮੁੰਦਰ ਦਾ ਜਲ-ਪੱਧਰ ਵੀ ਉੱਚਾ ਉੱਠ ਰਿਹਾ ਏ, ਬਹੁਤ ਸਾਰੀਆਂ ਬਨਸਪਤੀਆਂ ਅਤੇ ਜੀਵ-ਜੰਤੂਆਂ ਦੀ ਹੋਂਦ ਖਤਰੇ ਵਿੱਚ ਆ ਗਈ ਹੈ ! ਇਸ ਦੇ ਬਹੁਤ ਸਾਰੇ ਕਾਰਨ ਹਨ - ਕੁਦਰਤੀ ਵੀ ਤੇ ਮਨੁੱਖੀ ਵੀ !

**ਬਾਨੀ:** ਹਾਂ ਮਾਂ, ਸਾਡੇ ਮੈਡਮ ਦੱਸ ਰਹੇ ਸਨ ਕਿ ਜੰਮੂ ਕਸ਼ਮੀਰ, ਕੇਦਾਰਨਾਥ, ਤਮਿਲਨਾਡੂ ਅਤੇ ਕੇਰਲ ਆਦਿ ਵਿਚ ਜਿਹੜੀ ਬਿਪਤਾ ਆਈ ਸੀ, ਉਸ ਦਾ ਕਾਰਨ ਵੀ ਜਲਵਾਯੂ-ਪਰਿਵਰਤਨ ਹੀ ਸੀ।

**ਮਾਂ:** ਹਾਂ ! ਪਰ ਸਮਝਣ ਦੀ ਲੋੜ ਹੈ ਕਿ ਜਲਵਾਯੂ-ਪਰਿਵਰਤਨ ਦਾ ਮੁੱਖ ਕਾਰਨ ਸਾਡੇ ਮੌਜੂਦਾ ਵਿਕਾਸ ਮਾਡਲ ਰਾਹੀਂ ਸਿਰਜੀਆਂ ਮਨੁੱਖੀ ਗਤੀਵਿਧੀਆਂ ਹੀ ਤਾਂ ਹਨ! ਆਮ ਤੌਰ 'ਤੇ ਜਲਵਾਯੂ ਵਿਚ ਪਰਿਵਰਤਨ ਹੌਲੀ-ਹੌਲੀ ਹੁੰਦਾ ਹੈ, ਪਰ ਪੇੜ-ਪੌਦਿਆਂ ਦੀ ਲਗਾਤਾਰ ਕਟਾਈ, ਖੇਤੀ ਅਤੇ ਮਕਾਨਾਂ ਲਈ, ਜੰਗਲਾਂ ਦੇ ਬੇਰੋਕ ਟੋਕ ਵਢਾਅ ਨੇ ਜਲਵਾਯੂ ਨੂੰ ਤੇਜੀ ਨਾਲ ਵਿਗਾੜਣਾ ਸੁਰੂ ਕਰ ਦਿੱਤਾ!

**ਅਕਾਸ਼:** ਪਰ ਮਾਂ, ਅਸੀਂ ਪੜ੍ਹਿਆ ਹੈ ਕਿ ਧਰੁਵੀ ਬਰਫ ਵੀ ਤੇਜ਼ੀ ਨਾਲ ਪਿਘਲ ਰਹੀ ਹੈ !

**ਮਾਂ:** ਹਾਂ, ਬਿਲਕੁਲ ਸਹੀ ! ਪਿਛਲੇ 100 ਸਾਲਾਂ ਵਿਚ ਅੰਟਾਰਕਟਿਕਾ ਦੇ ਤਾਪਮਾਨ ਦੁੱਗਣਾ ਹੋਣ ਨਾਲ ਇਸਦਾ ਬਰਫੀਲਾ ਖੇਤਰ ਘਟ ਗਿਆ ਤੇ ਉੱਥੇ ਮੌਜੂਦ ਸਾਰੇ ਜੀਵ ਪ੍ਰਭਾਵਿਤ ਹੋ ਗਏ।ਤਾਪਮਾਨ ਦੇ ਇਸ ਤਰ੍ਹਾਂ ਦੇ ਵਾਧੇ ਨਾਲ ਇਸ ਸਦੀ ਦੇ ਅੰਤ ਤਕ ਐਲਪਸ ਦੀਆਂ ਚੋਟੀਆਂ ਦੇ ਲਗਭਗ 80% ਗਲੇਸ਼ੀਅਰ ਪਿਘਲ ਜਾਣਗੇ। ਹਿਮਾਲਿਆ ਖੇਤਰ ਦੇ ਗਲੇਸ਼ੀਅਰ ਤਾਂ ਵਿਸ਼ਵ ਦੇ ਹੋਰ ਖੇਤਰਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਪਿਘਲ ਰਹੇ ਨੇ।

**ਪਿਤਾ ਜੀ:** ਵਾਯੂਮੰਡਲ ਵਿਚ ਗਰੀਨ ਹਾਊਸ ਗੈਸਾਂ ਦੇ ਲਗਾਤਾਰ ਜਮ੍ਹਾਂ ਹੋਣ ਦੇ ਸਿਲਸਿਲੇ ਕਾਰਨ ਧਰਤੀ ਦਾ ਤਾਪਮਾਨ ਵਧ ਰਿਹਾ ਹੈ! ਤਾਪਮਾਨ ਵਧਣ ਕਰਕੇ ਗਲੇਸ਼ੀਅਰ ਅਤੇ ਧਰੁਵੀ ਪ੍ਰਦੇਸ਼ਾਂ ਦੀ ਬਰਫ਼ ਪਿਘਲਣ ਦੀ ਰਫ਼ਤਾਰ ਵਧ ਗਈ, ਨਤੀਜਾ- ਮਹਾਂਸਾਗਰਾਂ ਦਾ ਜਲ ਪੱਧਰ ਉਪਰ ਉੱਠ ਰਿਹਾ ਹੈ । ਇਸ ਨਾਲ ਤੱਟੀ ਇਲਾਕਿਆਂ ਦੇ ਡੁੱਬਣ ਦਾ ਖ਼ਤਰਾ ਵਧ ਜਾਏਗਾ ਤੇ ਇਹ ਵਰਤਾਰਾ ਮਾਲਦੀਪ ਵਰਗੇ ਹਜ਼ਾਰਾਂ ਦੀਪਾਂ ਨੂੰ ਡੁਬੋ ਦੇਵੇਗਾ।

**ਮਾਂ:** ਕਾਰਬਨ ਡਾਇਆਕਸਾਈਡ ਦੀ ਵਧਦੀ ਮਾਤਰਾ ਨੇ ਮਹਾਂਸਾਗਰੀ ਪ੍ਰਸਥਿਤਿਕ ਤੰਤਰ ਨੂੰ ਵੀ ਪ੍ਰਭਾਵਿਤ ਕੀਤਾ ਹੈ।ਜਲ ਦੇ ਵਧਦੇ ਤੇਜ਼ਾਬੀਪਨ ਕਾਰਨ ਸਾਗਰੀ ਜੀਵਾਂ ਉਪਰ ਪ੍ਰਤੀਕੂਲ ਪ੍ਰਭਾਵ ਪੈ ਰਿਹਾ ਹੈ। ਮਹਾਂਸਾਗਰਾਂ ਦੀ ਕਾਰਬਨ ਡਾਇਆਕਸਾਈਡ ਸੋਖਣ ਸਮਰੱਥਾ ਵੀ ਦਿਨੋਂ-ਦਿਨ ਘੱਟ ਰਹੀ ਹੈ। ਪ੍ਰਦੂਸ਼ਣ ਦੇ ਕਾਰਨ ਪ੍ਰਿਥਵੀ ਉਤੇ ਵਿਆਪਕ ਉੱਥਲ-ਪੁੱਥਲ ਮੱਚ ਸਕਦੀ ਹੈ।

**ਪਿਤਾ ਜੀ:** ਤਾਪਮਾਨ ਦੇ ਵਾਧੇ ਦੇ ਕੇਵਲ ਇਕ-ਦੋ ਡਿਗਰੀ ਸੈਲਸੀਅਸ ਦੇ ਅੰਤਰ ਦੇ ਕਾਰਨ ਹੀ ਧਰਤੀ ਦੇ ਅਨੇਕਾਂ ਭਾਗਾਂ ਵਿਚ ਖੇਤੀ ਵਿਆਪਕ ਪੱਧਰ ‘ਤੇ ਬਦਲ ਜਾਏਗੀ । ਚਰਾਈ ਲਈ ਉਪਲਬਧ ਖੇਤਰਾਂ ਵਿਚ ਬਦਲਾਅ ਆਏਗਾ, ਪਾਣੀ ਦੀ ਉਪਲਬਧਤਾ ’ਤੇ ਵੀ ਇਸ ਦਾ ਮਾੜਾ ਪ੍ਰਭਾਵ ਪਵੇਗਾ ! ਤਾਪਮਾਨ ਦੇ ਤੇਜ ਵਾਧੇ ਦਾ ਨਤੀਜਾ ਹੋਵੇਗਾ ਵੱਡੀ ਗਿਣਤੀ ਵਿਚ ਲੋਕਾਂ ਦਾ ਉਜਾੜਾ ।

**ਮਾਂ:** ਸੋਕੇ ਤੇ ਹੜ੍ਹਾਂ ਦੇ ਕਾਰਨ ਵੱਡੇ ਪੈਮਾਨੇ ’ਤੇ ਉਜਾੜਾ ਹੋਵੇਗਾ ਅਤੇ ਸਮਾਜਿਕ ਸੰਤੁਲਨ ਵਿਗੜੇਗਾ।ਅਸਥਿਰਤਾ ਅਤੇ ਹਿੰਸਾ ਕਾਰਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਅਸੁਰੱਖਿਆ ਪੈਦਾ ਹੋਵੇਗੀ। ਖਾਧ ਪਦਾਰਥ ਸੰਕਟ ਅਤੇ ਪਾਣੀ ਦੀ ਕਮੀ ਵਿਸ਼ਵ ਵਿਆਪੀ ਅਸ਼ਾਂਤੀ ਫੈਲਾ ਸਕਦੀ ਹੈ।

**ਪਿਤਾ ਜੀ:** ਉਸ ਦੀ ਚਪੇਟ ਵਿਚ ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ ਚੀਨ ਵੀ ਆਉਣਗੇ।

**ਮਾਂ:** “ਜਲਵਾਯੂ-ਪਰਿਵਰਤਨ - ਖ਼ਾਧ ਸੁਰੱਖਿਆ ਲਈ ਖ਼ਤਰਾ” ਨਾਮਕ ਇਕ ਰਿਪੋਰਟ ਦੇ ਅਨੁਸਾਰ ਆਉਣ ਵਾਲੇ ਦਹਾਕਿਆਂ ਵਿਚ ਜਲਵਾਯੂ-ਬਦਲਾਅ ਕਈ ਸਮੁਦਾਵਾਂ ਦੇ ਆਪਸੀ ਤਾਲਮੇਲ ਨੂੰ ਵੀ ਪ੍ਰਭਾਵਿਤ ਕਰੇਗਾ।

**ਪਿਤਾ ਜੀ:** ਜਲਵਾਯੂ-ਪਰਿਵਰਤਨ ਦਾ ਪ੍ਰਭਾਵ ਵਿਸ਼ਵ ਦੇ ਸਾਰੇ ਖੇਤਰਾਂ ਵਿਚ ਵਿਖਾਈ ਦੇਵੇਗਾ।ਵਧਦੇ ਤਾਪਮਾਨ ਦੇ ਕਾਰਨ ਭਾਰਤ ਨੂੰ ਵੀ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ। ਅਨੁਮਾਨ ਹੈ ਕਿ ਇਸ ਸਦੀ ਦੇ ਅੰਤ ਤਕ ਭਾਰਤ ਦਾ ਔਸਤ ਤਾਪਮਾਨ ਚਾਰ ਡਿਗਰੀ ਸੈਲਸੀਅਸ ਵਧ ਜਾਵੇਗਾ।

**ਬਾਨੀ:** ਇਸਦਾ ਅਧਿਐਨ ਕਿਵੇਂ ਕਰਦੇ ਹਨ ?

**ਪਿਤਾ ਜੀ:** ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਉਪਗ੍ਰਹਿਆਂ ਤੋਂ ਪ੍ਰਾਪਤ ਅੰਕੜਿਆਂ ਦੇ ਅਧਾਰ ’ਤੇ ਦੱਸਿਆ ਹੈ

ਕਿ ਭਾਰਤੀ ਖੇਤਰ ਵਿੱਚ ਸਮੁੰਦਰੀ ਜਲ ਪੱਧਰ ਤੇਜੀ ਨਾਲ ਉਪਰ ਉੱਠ ਰਿਹਾ ਹੈ। ਇਕ ਅਧਿਐਨ ਅਨੁਸਾਰ ਅਨੁਮਾਨ ਹੈ ਕਿ 2050 ਤਕ ਭਾਰਤ ਦੇ ਨੇੜੇ ਦੇ ਸਮੁੰਦਰਾਂ ਦਾ ਜਲ-ਪੱਧਰ 15 ਤੋਂ 36 ਸੈ.ਮੀ. ਉਪਰ ਉੱਠ ਸਕਦਾ ਹੈ। ਸਮੁੰਦਰੀ ਜਲ-ਪੱਧਰ ਵਿਚ 50 ਸੈ.ਮੀ. ਦਾ ਵਾਧਾ ਹੋਣ ਨਾਲ ਤਾਂ ਅਨੇਕਾਂ ਇਲਾਕੇ ਡੁੱਬ ਜਾਣਗੇ। ਸੁੰਦਰਵਨ ਡੈਲਟਾ ਦੇ ਕਰੀਬ ਇਕ ਦਰਜਨ ਦੀਪਾਂ 'ਤੇ ਡੁੱਬਣ ਦਾ ਖ਼ਤਰਾ ਮੰਡਰਾ ਰਿਹਾ ਹੈ ਜਿਸ ਨਾਲ 7 ਕਰੋੜ ਤੋਂ ਜ਼ਿਆਦਾ ਅਬਾਦੀ ਪ੍ਰਭਾਵਿਤ ਹੋਵੇਗੀ।

**ਮਾਂ:** ਪਿਛਲੇ ਦਹਾਕਿਆਂ ਦੌਰਾਨ ਅਨੇਕਾਂ ਖੇਤਰਾਂ ਦਾ ਔਸਤ ਤਾਪਮਾਨ ਵਧਿਆ ਹੈ। ਵਿਗਿਆਨੀਆਂ ਅਨੁਸਾਰ ਸਾਲ 2020 ਤਕ ਪੂਰੀ ਦੁਨੀਆਂ ਦਾ ਤਾਪਮਾਨ ਪਿਛਲੀ ਸਹੱਸਰਬਦੀ ਦੀ ਤੁਲਨਾ ਵਿਚ ਸਭ ਤੋਂ ਵੱਧ ਹੋਵੇਗਾ। ਇੰਟਰ ਗਵਰਨਮੇਂਟਲ ਪੈਨਲ ਆੱਨ ਕਲਾਈਮੇਟ ਚੇਂਜ (ਜਲਵਾਯੂ ਪਰਿਵਰਤਨ ਦੇ ਮੁੱਦੇ 'ਤੇ ਬਣੇ ਅੰਤਰ ਸਰਕਾਰੀ ਪੈਨਲ) ਨੇ ਸਾਲ 1995 ਵਿਚ ਕਿਹਾ ਸੀ ਕਿ ਜੇਕਰ ਮੌਜੂਦਾ ਪ੍ਰਵਿਰਤੀ ਜਾਰੀ ਰਹੀ ਤਾਂ 21ਵੀਂ ਸਦੀ ਦੇ ਅੰਤ ਤੱਕ ਤਾਪਮਾਨ 3.5 ਤੋਂ 10 ਡਿਗਰੀ ਸੈਲਸੀਅਸ ਤਕ ਵਧ ਜਾਵੇਗਾ । ਗਰੀਨ ਹਾਊਸ ਪ੍ਰਭਾਵ ਕਾਰਨ ਜਲਵਾਯੂ-ਪਰਿਵਰਤਨ ਆਰੰਭ ਹੋ ਚੁਕਿਆ ਹੈ ਜਿਸਦੇ ਬਹੁਤ ਸਾਰੇ ਪ੍ਰਭਾਵ ਸਪਸ਼ਟ ਦਿਖਾਈ ਵੀ ਦੇ ਰਹੇ ਹਨ।

**ਅਕਾਸ਼:** ਕੀ ਸਾਡਾ ਦੇਸ਼ ਵੀ ਪ੍ਰਭਾਵਿਤ ਹੋਵੇਗਾ?

**ਪਿਤਾ ਜੀ:** ਜਲਵਾਯੂ-ਪਰਿਵਰਤਨ ਕਾਰਨ ਮੌਨਸੂਨੀ ਖੇਤਰਾਂ ਵਿਚ ਵਰਖਾ ਵਧੇਗੀ, ਜਿਸ ਨਾਲ ਹੜ੍ਹ, ਭੂ-ਖਿਸਕਣ ਅਤੇ ਭੂ-ਖੋਰ ਵਰਗੀਆਂ ਸਮੱਸਿਆਵਾਂ ਪੈਦਾ ਹੋਣਗੀਆਂ। ਜਲ ਦੀ ਗੁਣਵੱਤਾ ਵਿਚ ਗਿਰਾਵਟ ਆਵੇਗੀ। ਤਾਜ਼ੇ ਪਾਣੀ ਦੀ ਆਪੂਰਤੀ ਉਪਰ ਗੰਭੀਰ ਪ੍ਰਭਾਵ ਪੈਣਗੇ।ਮੱਧ ਅਤੇ ਉਤਰੀ ਭਾਰਤ ਵਿਚ ਘੱਟ ਵਰਖਾ ਹੋਵੇਗੀ ਤੇ ਸੋਕੇ ਵਰਗੀ ਸਥਿਤੀ ਬਣ ਜਾਵੇਗੀ ! ਜਦੋਂ ਕਿ ਇਸਦੇ ਉਲਟ ਦੇਸ਼ ਦੇ ਪੂਰਬੀ ਅਤੇ ਦੱਖਣ-ਪੱਛਮੀ ਰਾਜਾਂ ਵਿਚ ਜ਼ਿਆਦਾ ਵਰਖਾ ਹੋਵੇਗੀ ਤੇ ਹੜ੍ਹ ਵਰਗੀ ਸਮੱਸਿਆ ਪੈਦਾ ਹੋ ਜਾਵੇਗੀ।

**ਬਾਨੀ:** ਓਹ, ਇਸੇ ਲਈ ਸਾਡੇ ਸ਼ਹਿਰ ਵਿਚ ਵੀ ਵਰਖਾ ਤੋਂ ਬਾਅਦ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ।

**ਮਾਂ:** ਦੋਵਾਂ ਹੀ ਸਥਿਤੀਆਂ ਵਿਚ ਖੇਤੀ ਉਤਪਾਦਨ 'ਤੇ ਤਾਂ ਮਾੜਾ ਪ੍ਰਭਾਵ ਹੀ ਪਵੇਗਾ। ਸੋਕੇ ਤੇ ਹੜ੍ਹ ਦੇ ਦੌਰਾਨ ਪੀਣ ਅਤੇ ਕੱਪੜੇ ਧੋਣ ਵਾਲੇ ਪਾਣੀ ਦੀ ਉਪਲਬਧਤਾ ਘੱਟ ਹੋ ਜਾਵੇਗੀ। ਜਲ ਪ੍ਰਦੂਸ਼ਿਤ ਹੋ ਜਾਵੇਗਾ ਅਤੇ ਜਲ-ਨਿਕਾਸ ਪ੍ਰਬੰਧਾਂ ਨੂੰ ਹਾਨੀ ਪਹੁੰਚੇਗੀ। ਜਲਵਾਯੂ-ਪਰਿਵਰਤਨ ਜਲ-ਸ੍ਰੋਤਾਂ ਦੀ ਵੰਡ ਨੂੰ ਵੀ ਪ੍ਰਭਾਵਿਤ ਕਰੇਗਾ। ਦੱਖਣ-ਪੂਰਬੀ ਏਸ਼ੀਆ ਵਿਚ ਪਾਣੀ ਦੀ ਅਧਿਕਤਾ ਹੋਵੇਗੀ ਜਦੋਂ ਕਿ ਮੱਧ ਏਸ਼ੀਆ ਵਿਚ ਜਲ ਦੀ ਕਮੀ ਹੋਵੇਗੀ।

**ਅਕਾਸ਼:** ਤੁਸੀਂ ਦੱਸਿਆ ਕਿ ਸਮੁੰਦਰੀ ਕਿਨਾਰੇ 'ਤੇ ਵਸੇ ਦੇਸ਼ ਵੀ ਪ੍ਰਭਾਵਿਤ ਹੋਣਗੇ। ਉਹ ਕਿਵੇਂ?

**ਪਿਤਾ ਜੀ:** ਜਲਵਾਯੂ-ਪਰਿਵਰਤਨ ਕਾਰਨ ਧਰੁਵੀ ਬਰਫ਼ ਦੇ ਪਿਘਲੇਗੀ ! ਇਸ ਨਾਲ ਵਿਸ਼ਵ ਦਾ ਔਸਤ ਸਮੁੰਦਰੀ ਜਲ-

ਪੱਧਰ ਵਧੇਗਾ ! ਦੁਨੀਆ ਦੀ ਅੱਧਿਓਂ ਵੱਧ ਅਬਾਦੀ ਜਿਹੜੀ ਸਮੁੰਦਰ ਤੋਂ 60 ਕਿ.ਮੀ. ਤੱਕ ਦੂਰ ਵੀ ਰਹਿੰਦੀ ਹੈ, ਉਤੇ ਮਾੜਾ ਪ੍ਰਭਾਵ ਪਵੇਗਾ। ਬੰਗਲਾਦੇਸ਼ ਦਾ ਗੰਗਾ-ਬ੍ਰਹਮਪੁੱਤਰ ਡੈਲਟਾ, ਮਿਸਰ ਦਾ ਨੀਲ ਡੈਲਟਾ ਤੇ ਮਾਰਸ਼ਲ ਦੀਪਾਂ ਅਤੇ ਮਾਲਦੀਪ ਸਮੇਤ ਅਨੇਕਾਂ ਛੋਟੇ ਦੀਪਾਂ ਦੀ ਹੋਂਦ ਸਾਲ 2100 ਤਕ ਸਮਾਪਤ ਹੋ ਜਾਏਗੀ। ਪ੍ਰਸ਼ਾਂਤ ਮਹਾਂਸਾਗਰ ਦਾ ਸੋਲੋਮਨ ਦੀਪ ਤਾਂ ਜਲ-ਪੱਧਰ ਵਧਣ ਕਾਰਨ ਹੁਣੇ ਹੀ ਡੁੱਬਣ ਦੇ ਕਗਾਰ ’ਤੇ ਹੈ।

**ਮਾਂ:** ਸਮੁੰਦਰੀ ਜਲ ਪੱਧਰ ਉਚਾ ਉਠਨ ਕਰਕੇ, ਉੜੀਸਾ, ਆਂਧਰਾ ਪ੍ਰਦੇਸ਼, ਤਮਿਲਨਾਡੂ, ਕੇਰਲ, ਕਰਨਾਟਕ, ਮਹਾਂਰਾਸ਼ਟਰ, ਗੋਆ, ਗੁਜਰਾਤ ਅਤੇ ਪੱਛਮੀ ਬੰਗਾਲ ਰਾਜਾਂ ਦੇ ਤੱਟੀ ਖੇਤਰ ਪਾਣੀ ਵਿੱਚ ਡੁੱਬ ਜਾਣਗੇ । ਦਸ ਕਰੋੜ ਤੋਂ ਵੱਧ ਲੋਕ ਵਿਸਥਾਪਿਤ ਹੋਣਗੇ। ਲਕਸ਼ਦੀਪ ਤੇ ਅੰਡੇਮਾਨ ਨਿਕੋਬਾਰ ਦੀਪਾਂ ਦੀ ਤਾਂ ਹੋਂਦ ਹੀ ਖਤਮ ਹੋ ਜਾਵੇਗੀ। ਮਿੱਠੇ ਪਾਣੀ ਦੇ ਸ੍ਰੋਤ ਪ੍ਰਦੂਸ਼ਿਤ ਹੋਣਗੇ, ਨਤੀਜੇ ਵਜੋਂ ਪੀਣ ਦੇ ਪਾਣੀ ਦੀ ਸਮੱਸਿਆ ਪੈਦਾ ਹੋ ਜਾਵੇਗੀ।

**ਪਿਤਾ ਜੀ:** ਜਲਵਾਯੂ-ਪਰਿਵਰਤਨ ਦਾ ਪ੍ਰਭਾਵ ਸਮੁੰਦਰੀ ਜੀਵਾਂ ਦੀ ਜੈਵ-ਵਿਭਿੰਨਤਾ ਉਪਰ ਪਵੇਗਾ ! ਮਹਾਂਸਾਗਰਾਂ ਦੇ ਊਸ਼ਣ ਕਟੀਬੰਧ ਵਰਖਾ ਵਣ ਵਜੋਂ ਜਾਣੇ ਜਾਂਦੇ ਵਣ , ਮੂੰਗਾ ਚਟਾਨਾਂ ਅਤੇ ਸਮੁੰਦਰੀ ਨਦੀਨ ਆਦਿ ਵੀ ਪ੍ਰਭਾਵਤ ਹੋਣਗੇ । ਸਮੁੰਦਰੀ ਜਲ ਦੇ ਗਰਮ ਹੋ ਜਾਣ ਕਰਕੇ ਸੂਖਮਜੀਵੀ ਬਨਸਪਤੀਆਂ ਜੋ ਕਿ ਮੂੰਗਿਆਂ ਨੂੰ ਭੋਜਨ ਅਤੇ ਰੰਗ ਪ੍ਰਦਾਨ ਕਰਦੀਆਂ ਹਨ ਉਪਰ ਮਾੜਾ ਪ੍ਰਭਾਵ ਪਵੇਗਾ। ਪ੍ਰਸ਼ਾਂਤ ਮਹਾਂਸਾਗਰ ਵਿਚ ਸੰਨ 1997 ਵਿਚ ਅਲ-ਨੀਨੋ ਕਰਕੇ ਵਧਣ ਵਾਲਾ ਤਾਪ ਮੂੰਗਾ ਚਟਾਨਾਂ ਦੀ ਮੌਤ ਦਾ ਸਭ ਤੋਂ ਗੰਭੀਰ ਕਾਰਨ ਬਣਿਆ।ਲਗਭਗ 10% ਮੂੰਗਾ ਚਟਾਨਾਂ ਦੀ ਮੌਤ ਹੋਈ, 30% ਗੰਭੀਰ ਰੂਪ ਨਾਲ ਪ੍ਰਭਾਵਿਤ ਹੋਈਆਂ ਅਤੇ 30% ਦਾ ਦੇ ਖਾਤਮੇ ਦਾ ਮੁੱਢ ਬੱਝ ਗਿਆ ! ਗਲੋਬਲ ਕੋਰਲ ਮਾਨੀਟਰਿੰਗ ਨੈੱਟਵਰਕ (ਆਸਟ੍ਰੇਲੀਆ) ਦਾ ਅਨੁਮਾਨ ਹੈ ਕਿ ਸਾਲ 2050 ਤਕ ਬਹੁਤੀਆਂ ਮੂੰਗਾ ਚਟਾਨਾਂ ਖਤਮ ਹੋ ਜਾਣਗੀਆਂ !

**ਬਾਨੀ:** ਜੈਵ-ਵਿਭਿੰਨਤਾ ’ਤੇ ਪਏ ਪ੍ਰਭਾਵ ਕਾਰਨ ਕੀ ਮੱਛੀਆਂ ਵੀ ਪ੍ਰਭਾਵਿਤ ਹੋਣਗੀਆਂ?

**ਪਿਤਾ ਜੀ:** ਹਾਂ ਹੋਣਗੀਆਂ ! ਹੁਣ ਮੈਂ ਜਾਣਾ ਹੈ, ਉਦੋਂ ਤਕ ਤੁਸੀਂ ਆਪਣੀ ਮਾਂ ਤੋਂ ਗਿਆਨ ਲਓ, ਆਪਾਂ ਸ਼ਾਮ ਨੂੰ ਗੱਲਾਂ ਕਰਾਂਗੇ......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਚੌਥਾ**......

(ਦਰਵਾਜ਼ਾ ਖੋਲ੍ਹਣ ਅਤੇ ਬੰਦ ਕਰਨ ਦੀ ਅਵਾਜ਼)

**ਅਕਾਸ਼:** ਓਹ ! ਪਿਤਾ ਜੀ ਤਾਂ ਫਟਾ-ਫਟ ਹੀ ਚਲੇ ਗਏ !

**ਮਾਂ:** ਹਾਂ, ਉਨ੍ਹਾਂ ਨੇ ਵੀ ਤਾਂ ਅਪਣੇ ਕਾਲਜ ਜਾਣਾ ਸੀ।

**ਬਾਨੀ:** ਮਾਂ, ਤੁਸੀਂ ਵੀ ਤਾਂ ਵੱਡੀਆਂ ਕਲਾਸਾਂ ਵਿਚ ਵਿਗਿਆਨ ਪੜ੍ਹਾਉਂਦੇ ਹੋ। ਤੁਸੀਂ ਹੀ ਦੱਸੋ ਨਾ। ਪਲੀਜ਼। ਪਿਤਾ ਜੀ ਤਾਂ ਪਤਾ ਨਹੀਂ ਹੁਣ ਕਦੋਂ ਆਉਣਗੇ।

**ਮਾਂ:** ਅੱਛਾ, ਕੀ ਪੁੱਛਿਆ ਸੀ ਤੂੰ?

**ਅਕਾਸ਼:** ਦੀ ਨੇ ਪੁੱਛਿਆ ਸੀ ਕਿ ਜੈਵ-ਵਿਭਿੰਨਤਾ 'ਤੇ ਪਏ ਪ੍ਰਭਾਵ ਨਾਲ ਕੀ ਮੱਛੀਆਂ ਤੇ ਵੀ ਕੋਈ ਪ੍ਰਭਾਵ ਪਵੇਗਾ ?

**ਮਾਂ:** ਜਲਵਾਯੂ-ਪਰਿਵਰਤਨ ਦਾ ਬੁਰਾ ਪ੍ਰਭਾਵ ਕੈਰੀਬੀਅਨ ਮੱਛੀਆਂ 'ਤੇ ਸਪਸ਼ਟ ਦਿਖ ਰਿਹਾ ਹੈ, ਯੂਨੀਵਰਸਿਟੀ ਆਫ਼ ਫਲੋਰਿਡਾ ਦੇ ਖੋਜ ਕਰਤਾਵਾਂ ਦੇ ਅਧਿਐਨ ਮੁਤਾਬਕ, ਪ੍ਰਮੁੱਖ ਖੋਜਕਰਤਾ ਡਾ. ਗਲੇਨ ਮਾਰਿਸ ਨੇ ਦੱਸਿਆ ਕਿ ਜਲਵਾਯੂ-ਬਦਲਾਅ ਦੇ ਕਾਰਨ ਕੈਰੀਬੀਅਨ ਮੱਛੀਆਂ ਵਿਚ ਜ਼ਹਿਰੀਲੇ ਤੱਤ ਵਿਕਸਿਤ ਹੋ ਰਹੇ ਹਨ।ਇਨ੍ਹਾਂ ਨੂੰ ਖਾਣ ਵਾਲੇ ਮਨੁੱਖ ਕਈ ਗੰਭੀਰ ਬੀਮਾਰੀਆਂ ਅਤੇ ਸਰੀਰਕ ਅਪੰਗਤਾਵਾਂ ਦੀ ਲਪੇਟ ਵਿਚ ਆ ਰਹੇ ਹਨ।

**ਅਕਾਸ਼:** ਮੱਛੀਆਂ ਬੀਮਾਰ ਹੋ ਰਹੀਆਂ ਹਨ (ਹੈਰਾਨੀ ਨਾਲ) ! ਉਹ ਕਿਵੇਂ ?

**ਮਾਂ:** ਪ੍ਰੋ. ਮਾਰਿਸ ਨੇ ਦੱਸਿਆ ਹੈ ਕਿ ਮੌਸਮ ਵਿਚ ਲਗਾਤਾਰ ਹੋ ਰਹੇ ਬਦਲਾਅ ਸਮੁੰਦਰ ਦੇ ਤਾਪਮਾਨ ਨੂੰ ਵਧਾ ਰਹੇ ਹਨ ਜਿਸ ਕਰਕੇ ਕਈ ਸਮੁੰਦਰੀ ਕਾਈਆਂ ਕਾਫੀ ਵਧ ਰਹੀਆਂ ਹਨ। ਇਹਨਾਂ ਵਿੱਚੋਂ ਕਈ ਕਾਈਆਂ ਬਹੁਤ ਜ਼ਹਿਰੀਲੀਆਂ ਹਨ।ਸ਼ਾਕਾਹਾਰੀ ਸਮੁੰਦਰੀ ਮੱਛੀਆਂ ਕਾਈਆਂ ਦੇ ਸਹਾਰੇ ਹੀ ਜੀਵਿਤ ਰਹਿੰਦੀਆਂ ਹਨ। ਜ਼ਹਿਰੀਲੀਆਂ ਕਾਈਆਂ ਦੀ ਵਧਦੀ ਸੰਖਿਆ ਦੇ ਕਾਰਨ ਮੱਛੀਆਂ ਨੂੰ ਮਜ਼ਬੂਰਨ ਇਨ੍ਹਾਂ 'ਤੇ ਹੀ ਗੁਜ਼ਾਰਾ ਕਰਨਾ ਪੈਂਦਾ ਹੈ । ਫਲਸਰੂਪ ਮੱਛੀਆਂ ਜ਼ਹਿਰੀਲੀਆਂ ਹੋ ਜਾਂਦੀਆਂ ਹਨ।

**ਬਾਨੀ:** ਤਾਂ ਇਨਸਾਨ 'ਤੇ ਕੀ ਅਸਰ ਹੁੰਦਾ ਹੋਵੇਗਾ?

**ਮਾਂ:** ਇਨ੍ਹਾਂ ਮੱਛੀਆਂ ਨੂੰ ਖਾਣ ਵਾਲੇ ਮਨੁੱਖ ਵੀ ਜ਼ਹਿਰ ਦੀ ਲਪੇਟ ਵਿਚ ਆ ਜਾਂਦੇ ਹਨ।ਇਹ ਜ਼ਹਿਰ ਬਹੁਤ ਹੀ ਖ਼ਤਰਨਾਕ ਹੁੰਦਾ ਹੈ। ਮੱਛੀਆਂ ਨੂੰ ਬਹੁਤ ਜਿਆਦਾ ਪਕਾਉਣ ਦੇ ਬਾਵਜੂਦ ਜ਼ਹਿਰੀਲੇ ਤੱਤ ਖਤਮ ਨਹੀਂ ਹੁੰਦੇ। ਪਿਛਲੇ ਸਾਲਾਂ ਵਿਚ ਇਨ੍ਹਾਂ ਮੱਛੀਆਂ ਨੂੰ ਖਾਣ ਵਾਲੇ ਕਈ ਲੋਕ ਗੰਭੀਰ ਰੋਗਾਂ ਦੀ ਲਪੇਟ ਵਿਚ ਆਏ ਹਨ।

**ਅਕਾਸ਼:** ਮੱਛੀਆਂ ਜ਼ਹਿਰੀਲੀਆਂ ਹੋ ਰਹੀਆਂ ਹਨ ਅਤੇ ਉਨ੍ਹਾਂ ਨੂੰ ਖਾਣ ਵਾਲੇ ਲੋਕ ਵੀ ਉਸਦਾ ਸ਼ਿਕਾਰ ਹੋਈ ਜਾਂਦੇ ਨੇ ! ਚੰਗਾ ਹੋਇਆ ਆਪਾਂ ਸ਼ਾਕਾਹਾਰੀ ਹਾਂ !

**ਬਾਨੀ:** ਸਾਡੇ ਸ਼ਾਕਾਹਾਰੀ ਹੋਣ ਨਾਲ ਕੀ ਹੁੰਦਾ ਏ, ਹੋਰ ਲੋਕ ਤਾਂ ਇਸਦੀ ਲਪੇਟ ਵਿਚ ਆ ਹੀ ਰਹੇ ਨੇ ਨਾ? ਪਰ ਮਾਂ

ਇਹ ਕਿਵੇਂ ਪਤਾ ਲੱਗਦਾ ਹੈ ਕਿ ਲੋਕਾਂ ‘ਤੇ ਇਸ ਦਾ ਅਸਰ ਹੋ ਰਿਹਾ ਹੈ?

**ਮਾਂ:** ਇਸ ਜ਼ਹਿਰੀਲੇਪਣ ਦੇ ਲੱਛਣ ਲੋਕਾਂ ਵਿੱਚ ਸਾਂਝੇ ਪਾਏ ਗਏ ਹਨ।ਸਭ ਤੋਂ ਪਹਿਲਾਂ ਉਲਟੀ, ਫਿਰ ਘੇਰ ਜਿਹੀ ਆਉਂਦੀ ਹੈ, ਕਈਆਂ ਨੂੰ ਟੱਟੀਆਂ ਵੀ ਲੱਗ ਜਾਂਦੀਆਂ ਨੇ ! ਬੀਮਾਰੀ ਵਧਣ ਨਾਲ ਰੋਗੀ ਨੂੰ ਕੰਬਣੀ ਛਿੜ ਜਾਂਦੀ ਹੈ ਤੇ ਸਰੀਰ ਵਿੱਚ ਦਰਦ ਹੁੰਦਾ ਹੈ, ਕਦੀ ਕਦੀ ਮੂੰਹ ਦਾ ਸੁਆਦ ਬਦਲ ਜਾਂਦਾ ਹੈ !

**ਅਕਾਸ਼:** ਇਹ ਤਾਂ ਬਹੁਤ ਹੀ ਗੰਭੀਰ ਮਾਮਲਾ ਹੈ, ਬਚਾਓ ਦੇ ਉਪਾਵਾਂ ’ਤੇ ਵੀ ਤਾਂ ਖੋਜ ਕੀਤੀ ਗਈ ਹੋਵੇਗੀ?

**ਮਾਂ:** ਮਾਰਿਸ ਨੇ ਦੱਸਿਆ ਕਿ ਇਸ ਸਮੱਸਿਆ ਤੋਂ ਬਚਾਓ ਵਾਸਤੇ ਕਾਈਆਂ ਦਾ ਜਹਿਰਬਾ ਰੋਕਣ ਦੀ ਲੋੜ ਹੈ । ਉਹ ਰੁਕੇਗਾ ਹਰਿਤ ਘਰ ਪ੍ਰਭਾਵ ਘਟਾ ਕੇ ਜਲਵਾਯੂ ਦੇ ਤੇਜ ਬਦਲਾਅ ਨੂੰ ਠੱਲ੍ਹ ਪਾਉਣ ਦੇ ਨਾਲ ! ਇਸ ਤਰ੍ਹਾਂ ਸਾਡਾ ਵਾਤਾਵਰਨ ਅਤੇ ਜੈਵ-ਵਿਭਿੰਨਤਾ ਦੋਵੇਂ ਬਚ ਜਾਣਗੇ !

**ਅਕਾਸ਼:** ਪਰ ਮਾਂ-………….. ਇੱਕ ਪ੍ਰਸ਼ਨ…

**ਮਾਂ:** ਹੁਣ ਜਲਦੀ ਨਾਸ਼ਤਾ ਖ਼ਤਮ ਕਰਕੇ ਅਪਣਾ ਰਹਿੰਦਾ ਕੰਮ ਕਰੋ, ਮੈਂ ਤੁਹਾਡੇ ਪਿਤਾ ਜੀ ਨੂੰ ਕਹਾਂਗੀ ਕਿ ਇਸ ਵਿਸ਼ੇ ‘ਤੇ ਹੋਰ ਜਾਣਕਾਰੀ ਦੇਣ ਲਈ ਕਿਸੇ ਮਾਹਿਰ ਤੋਂ ਸਮਾਂ ਲੈ ਲੈਣ।

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਪੰਜਵਾਂ**……

(ਦਰਵਾਜ਼ੇ ਦੀ ਘੰਟੀ ਦੀ ਅਵਾਜ਼)

**ਮਾਂ:** ਵੇਖੋ ਬੱਚਿਓ ! ਸ਼ਾਇਦ ਤੁਹਾਡੇ ਪਿਤਾ ਜੀ ਆ ਗਏ ਨੇ।

ਦਰਵਾਜ਼ਾ ਖੁੱਲ੍ਹਣ ਦੀ ਅਵਾਜ਼

**ਅਕਾਸ਼:** ਪਿਤਾ ਜੀ ਅੱਜ ਤੁਸੀਂ ਜਲਦੀ ਆ ਗਏ? (ਹੈਰਾਨ ਅਤੇ ਖ਼ੁਸ਼ੀ ਵਿਚ)

**ਪਿਤਾ ਜੀ:** ਹਾਂ ਬੇਟਾ, ਆਫਤ-ਪੀੜਤ ਲੋਕਾਂ ਦੀ ਦੇਖਭਾਲ ਲਈ ਜਾਣ ਵਾਸਤੇ ਕਾਲਜ ਵਿਚ ਜਲਦੀ ਛੁੱਟੀ ਕਰ ਦਿੱਤੀ ਗਈ ਹੈ ! ਮੈਂ ਬਾਨੀ ਦੇ ਸਕੂਲ ਗਿਆ ਸੀ।ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਰਾਹਤ ਕਾਰਜ ਕਰ ਰਹੀਆਂ ਹਨ ! ਪਰ ਸਥਿਤੀ ਬਹੁਤ ਹੀ ਤਰਸਯੋਗ ਹੈ।

**ਬਾਨੀ:** ਪਿਤਾ ਜੀ ਤਰਸਯੋਗ ਹਾਲਾਤ ਸੀ ਤਾਂ ਤੁਸੀਂ ਆ ਕਿਉਂ ਗਏ ?

**ਪਿਤਾ ਜੀ:** ਮੈਂ ਤੁਹਾਨੂੰ ਲੈਣ ਆਇਆ ਹਾਂ। ਜਲਵਾਯੂ-ਪਰਿਵਰਤਨ ਦੇ ਮਾੜੇ ਪ੍ਰਭਾਵਾਂ ਬਾਬਤ ਇਕ ਕਾਰਜਸ਼ਾਲਾ ਕੀਤੀ ਜਾ ਰਹੀ ਹੈ, ਜਿਥੇ ਮਾਹਰ ਇਸ ਵਿਸ਼ੇ ‘ਤੇ ਨਵੀਆਂ ਜਾਣਕਾਰੀਆਂ ਦੇਣਗੇ। ਤੁਸੀਂ ਸਭ ਜਲਦੀ-ਜਲਦੀ ਤਿਆਰ ਹੋ ਜਾਓ।

**ਬਾਨੀ+ਅਕਾਸ਼:** ਹਾਂ ! ਹਾਂ ਪਿਤਾ ਜੀ !! ਅਸੀਂ ਤਾਂ ਇਹੋ ਜਿਹਾ ਮੌਕਾ ਚਾਹੁੰਦੇ ਹੀ ਸੀ !!!

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਛੇਵਾਂ**……

(ਸ਼ੋਰਗੁੱਲ ਹਲਚਲ ਦੀ ਅਵਾਜ਼)

ਐਲਾਨ: ਸ਼ਾਂਤੀ ਨਾਲ ਬੈਠ ਜਾਓ! ਜਲਵਾਯੂ-ਬਦਲਾਅ ਦੇ ਕਾਰਨ, ਪ੍ਰਭਾਵ ਅਤੇ ਰੋਕਥਾਮ ਬਾਬਤ ਜਾਣਕਾਰੀ ਸਾਰੇ ਲੋਕਾਂ ਤਕ ਪਹੁੰਚਾਉਣ ਲਈ ਲਗਾਈ ਇਸ ਕਾਰਜਸ਼ਾਲਾ ਵਿਚ ਸਭ ਦਾ ਸਵਾਗਤ ਹੈ। ਅੱਜ ਜਲਵਾਯੂ-ਪਰਿਵਰਤਨ ਦਾ ਪ੍ਰਭਾਵ ਧਰੁਵਾਂ ਤੋਂ ਲੈ ਕੇ ਸਮੁੰਦਰਾਂ ਤਕ ਵਿਖਾਈ ਦੇ ਰਿਹਾ ਹੈ ।ਵਿਭਿੰਨ ਖੇਤਰਾਂ ਵਿੱਚ ਕੰਮ ਕਰਨ ਵਾਲੇ ਲਗਭਗ 200 ਦੇਸ਼ਾਂ ਦੇ ਪ੍ਰਤੀਨਿਧ ਜਲਵਾਯੂ-ਪਰਿਵਰਤਨ ਅਤੇ ਗਲੋਬਲ ਵਾਰਮਿੰਗ ਦੇ ਮੁੱਦੇ ‘ਤੇ ਚਰਚਾ ਕਰਨ ਲਈ ਸੰਨ 2018 ਵਿਚ ਪੋਲੈਂਡ ਵਿਖੇ ਇਕੱਠੇ ਹੋਏ। ਉਨ੍ਹਾਂ ਸਭ ਦੀ ਸਹਿਮਤੀ ਬਣੀ ਕਿ 2015 ਦੇ ਪੈਰਿਸ ਜਲਵਾਯੂ-ਪਰਿਵਰਤਨ ਸਮਝੌਤੇ ਨੂੰ ਲਾਗੂ ਕੀਤਾ ਜਾਵੇ।ਜਾਣਕਾਰੀ ਦੇਣ ਲਈ ਪਹਿਲੇ ਮਾਹਿਰ ਹਨ - ਡਾ. ਆਨੰਦ ਸ਼ਰਮਾ, ਜੋ ਕਿ ਮੌਸਮ ਵਿਗਿਆਨ ਵਿਭਾਗ ਦੇ ਉਪ-ਮਹਾਂਨਿਦੇਸ਼ਕ ਅਤੇ ਸੀਨੀਅਰ ਵਿਗਿਆਨੀ ਹਨ! ਹੁਣ ਅਸੀਂ ਡਾ. ਆਨੰਦ ਸ਼ਰਮਾ ਨੂੰ ਮੰਚ ‘ਤੇ ਆ ਕੇ ਆਪ ਸਭ ਦੇ ਰੂ-ਬਰੂ ਹੋਣ ਲਈ ਸੱਦਾ ਦਿੰਦੇ ਹਾਂ !

**ਡਾ. ਆਨੰਦ ਸ਼ਰਮਾ ਦੀ ਅਵਾਜ਼,** ਅੱਜ ਹੜ੍ਹਾਂ ਕਾਰਨ ਅਸੀਂ ਸਾਰੇ ਇਸ ਭਿਆਨਕ ਸਥਿਤੀ ਦਾ ਸਾਹਮਣਾ ਕਰ ਰਹੇ ਹਾਂ, ਇਸ ਹਾਲਤ ਵਿੱਚ ਜਿਥੇ ਰਾਹਤ ਕਾਰਜਾਂ ਦੀ ਅਹਿਮੀਅਤ ਹੈ ਉਥੇ ਇਨ੍ਹਾਂ ਕੁਦਰਤੀ ਆਫਤਾਂ ਤੋਂ ਬਚਾਓ ਦੇ ਵਾਸਤੇ ਇਨ੍ਹਾਂ ਦੇ ਕਾਰਨਾਂ ਨੂੰ ਸਮਝਣ ਦੀ ਵੀ ਜਰੂਰਤ ਹੈ। ਮੌਸਮ ਵਿਭਾਗ ਦੇ ਅੰਕੜੇ ਦਸਦੇ ਹਨ ਕਿ ਮੌਸਮ ਬਹੁਤ ਤੇਜੀ ਨਾਲ ਬਦਲ ਰਿਹਾ ਹੈ ਅਤੇ ਇਸਦਾ ਵੱਡਾ ਕਾਰਨ ਹੈ ਆਲਮੀ ਤਪਸ਼ ਦਾ ਵਧਣਾ ਜਿਸ ਨਾਲ ਸੋਕਾ ਹੜ੍ਹਾਂ ਤੇ ਝਖੜਾਂ ਦੀ ਸਥਿਤੀ ਬਣਦੀ ਜਾਂਦੀ ਹੈ ।…………… ਤਾਲੀਆਂ ਦੀ ਅਵਾਜ਼

**ਐਲਾਨ:** ਅਗਲੇ **ਵਕਤਾ** ਹਨ - ਭਾਰਤੀ **ਪਰਿਆਵਰਣ ਵਿਗਿਆਨ ਵਿਭਾਗ ਦੇ ਆਈ ਆਈ ਟੀ ਦੇ** ਸਹਿ. ਪ੍ਰੋ. ਡਾ. ਸੋਮਨਾਥ ਵੈਦ ਰਾਏ।

**ਡਾ. ਸੋਮਨਾਥ ਵੈਦ ਰਾਏ :** ਬਦਲਦੇ ਮੌਸਮਾਂ ਕਾਰਨ ਆ ਰਹੇ ਜਲਵਾਯੂ ਬਦਲਾਅ ਲਈ ਸੱਭ ਤੋਂ ਵੱਧ ਜਿੰਮੇਵਾਰ ਹਨ ਮਨੁੱਖੀ ਗਤੀ ਵਿਧੀਆਂ ! ਅਸੀਂ ਜਿਆਦਾ ਉਰਜਾ ਦੀ ਖਪਤ ਕਰਦੇ ਹਾਂ ਅਤੇ ਬਹੁਤ ਸਾਰੇ ਕੁਦਰਤੀ ਸਾਧਨ ਨਸ਼ਟ ਕਰਦੇ ਹਾਂ ਅਤੇ ਕਾਰਬਨਡਾਈਅਕਸਾਈਡ ਵਰਗੀਆਂ ਹਰਿਤ ਘਰ ਪ੍ਰਭਾਵ ਗੈਸਾਂ ਦੇ ਟਨਾਂ ਦੇ ਟਨ ਵਾਯੂਮੰਡਲ ਵਿੱਚ ਛੱਡ ਰਹੇ ਹਾਂ। ਇਸ ਨਾਲ ਧਰਤੀ ਦੇ ਮਿਜਾਜ ਅਤੇ ਸਾਡੇ ਪੌਣ ਪਾਣੀ ਦੇ ਮਿਜਾਜ ਹੀ ਬਦਲਦੇ ਜਾਂਦੇ ਹਨ ...............
ਤਾਲੀਆਂ ਦੀ ਅਵਾਜ਼

**ਐਲਾਨ:** ਅਤੇ ਹੁਣ ਅਗਲੇ ਵਕਤਾ ਹਨ - ਡਾ. ਸੁਦੇਸ਼ ਯਾਦਵ, ਇੱਕ ਪਰਿਆਵਰਣ ਕਾਰਕੁਨ ਅਤੇ ਯੂਨੀਵਰਸਿਟੀ ਵਿੱਚ ਸਹਿ ਪ੍ਰੋਫੈਸਰ :

ਜਲਵਾਯੂ ਬਦਲਾਅ ਬਾਬਤ ਦੋ ਅਹਿਮ ਨੁਕਤੇ ਸਾਡੇ ਸ੍ਰੋਤਿਆਂ ਦੇ ਸਨਮੁੱਖ ਦੋ ਵਕਤਾ ਬਾਖੂਬੀ ਪੇਸ਼ ਕਰ ਚੁੱਕੇ ਹਨ । ਮੈਂ ਤਾਂ ਇਸ ਬਾਬਤ ਕਹਿਣਾ ਚਾਹਾਂਗਾ ਕਿ ਵਿਕਾਸ ਦੇ ਮੌਜੂਦਾ ਮਾਡਲ ਨੇ ਸਾਡੀ ਜੀਵਣ ਸ਼ੈਲੀ ਹੀ ਬਦਲ ਦਿੱਤੀ , ਸਾਨੂੰ ਖਪਤਵਾਦੀ ਬਣਾ ਦਿੱਤਾ , **'ਵਰਤੋ ਤੇ ਸੁੱਟੋ'** ਵਰਤਾਰੇ ਦਾ ਫੈਲਾਅ ਕਰਨ ਵਾਸਤੇ ਬਹੁਤ ਸਾਰੇ ਢੰਗ ਤਰੀਕੇ ਅਜਿਹੇ ਬਣਾਏ ਗਏ ਕਿ ਸਾਨੂੰ ਮਜਬੂਰਨ ਹੀ ਇਸਦਾ ਹਿੱਸਾ ਬਣਨਾ ਪੈ ਰਿਹਾ ਹੈ । ਜਿੱਥੇ ਅਸੀਂ ਆਪਣੇ ਪੱਧਰ 'ਤੇ ਯਤਨ ਕਰਨੇ ਹਨ , ਉਥੇ ਸਾਨੂੰ ਵਿਕਾਸ ਦੇ ਮਾਡਲ ਨੂੰ ਬਦਲਣ ਵਾਸਤੇ ਜਦੋ ਜਹਿਦ ਕਰਨੀ ਪਵੇਗੀ, ਕੁਦਰਤ ਨਾਲ ਇਕਸੁਰਤਾ ਵਾਲਾ ਵਿਕਾਸ ਮਾਡਲ ਅਪਣਾਉਣਾ ਪਵੇਗਾ ...... ਤਾਲੀਆਂ ਦੀ ਅਵਾਜ਼

**ਐਲਾਨ:** ਖਾਣਾ ਆ ਜਾਣ ਕਰਕੇ ਇਸ ਕਾਰਜਸ਼ਾਲਾ ਨੂੰ ਸਮਾਪਤ ਕੀਤਾ ਜਾਂਦਾ ਹੈ।ਤੁਹਾਡਾ ਸਭ ਦਾ ਇਸ ਕਾਰਜਸ਼ਾਲਾ ਵਿਚ ਆਉਣ ਲਈ ਧੰਨਵਾਦ।

**ਪਿਤਾ ਜੀ:** ਹੁਣ ਸਾਨੂੰ ਚੱਲਣਾ ਚਾਹੀਦਾ ਹੈ !

**ਅਕਾਸ਼+ਬਾਨੀ+ਮਾਂ:** ਹਾਂ-ਹਾਂ ਚਲਦੇ ਹਾਂ।

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਸੱਤਵਾਂ**......

ਭੀੜ ਦੇ ਨਾਲ ਬਾਹਰ ਨਿਕਲਣ ਅਤੇ ਗੱਡੀ ਸਟਾਰਟ ਕਰਨ ਦੀ ਅਵਾਜ਼।

**ਪਿਤਾ ਜੀ:** ਹੁਣ ਦੱਸੋ, ਤੁਸੀਂ ਹੋਰ ਕੁਝ ਪੁੱਛਣਾ ਏ?

**ਅਕਾਸ਼:** ਇਕ ਗੱਲ ਦੱਸੋ, ਜਲਵਾਯੂ-ਪਰਿਵਰਤਨ ਦਾ ਪ੍ਰਭਾਵ ਸਾਡੇ ਸਭ 'ਤੇ ਪੈਂਦਾ ਹੈ ?

**ਪਿਤਾ ਜੀ:** ਹਾਂ, ਪਰ ਮਨੁੱਖ ਨਾਲੋਂ ਵੀ ਜ਼ਿਆਦਾ ਪ੍ਰਭਾਵ ਜੀਵ-ਜੰਤੂਆਂ ਅਤੇ ਪੇੜ-ਪੌਦਿਆਂ ‘ਤੇ ਪੈਂਦਾ ਹੈ। ਜਲਵਾਯੂ-ਪਰਿਵਰਤਨ ਨਾਲ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨ ਵਿਚ ਇਹ ਮਨੁੱਖ ਨਾਲੋਂ ਘੱਟ ਸਮਰੱਥ ਹੁੰਦੇ ਹਨ। ਆਰਥਿਕ ਪੱਖੋਂ ਕਮਜ਼ੋਰ ਵਰਗਾਂ ‘ਤੇ ਵੀ ਇਸ ਦਾ ਜ਼ਿਆਦਾ ਪ੍ਰਭਾਵ ਪੈਂਦਾ ਹੈ।

**ਮਾਂ:** ਜਲਵਾਯੂ ਦੇ ਜ਼ਿਆਦਾ ਪਰਿਵਰਤਨ ਦੇ ਕਾਰਨ ਕਈ ਪੇੜ-ਪੌਦੇ ਸੁੱਕ ਕੇ ਮਰ ਜਾਂਦੇ ਹਨ।ਜਲਵਾਯੂ-ਪਰਿਵਰਤਨ ਕਾਰਨ ਆਉਂਦੇ ਤੇਜ਼ ਤੂਫ਼ਾਨਾਂ, ਸੋਕਿਆਂ ਜਾਂ ਹੜ੍ਹਾਂ ਨਾਲ ਵੀ ਪੇੜ-ਪੌਦੇ ਟੁੱਟ ਜਾਂਦੇ ਹਨ ਜਾਂ ਉੱਖੜ ਜਾਂਦੇ ਹਨ।

**ਪਿਤਾ ਜੀ:** ਜੀਵ-ਜੰਤੂ ਵੀ ਖਰਾਬ ਜਲਵਾਯੂ ਵਿਚ ਨਹੀਂ ਰਹਿ ਸਕਦੇ।ਸੋਕੇ ਕਾਰਨ ਸ਼ਾਕਾਹਾਰੀ ਜੀਵ ਬਿਨਾ ਘਾਹ ਅਤੇ ਪਾਣੀ ਦੇ ਮਰ ਜਾਂਦੇ ਹਨ ਅਤੇ ਮਾਸਾਹਾਰੀ ਜੀਵ ਸ਼ਿਕਾਰ ਨਾ ਮਿਲਣ ਕਰਕੇ ਮਰ ਜਾਂਦੇ ਹਨ।ਜਲਵਾਯੂ-ਪਰਿਵਰਤਨ ਦੇ ਕਾਰਨ ਆਮ ਨਾਲੋਂ ਪੈਂਦੀ ਵੱਧ ਬਾਰਿਸ਼ ਵਿਚ ਵੀ ਕਈ ਛੋਟੇ ਜੀਵਾਂ ਦੀ ਮੌਤ ਹੋ ਜਾਂਦੀ ਹੈ।

**ਬਾਨੀ:** ਇਸ ਨਾਲ ਫਸਲਾਂ ਦਾ ਝਾੜ ਵੀ ਤਾਂ ਘਟ ਜਾਵੇਗਾ ?

**ਮਾਂ:** ਹਾਂ ! ਸੰਨ 2100 ਤਕ ਫ਼ਸਲਾਂ ਦੇ ਝਾੜ 10-40% ਘਟ ਜਾਵੇਗਾ । ਕਣਕ, ਝੋਨਾ, ਸਰ੍ਹੋਂ ਆਦਿ ਫ਼ਸਲਾਂ ਨੂੰ ਜ਼ਿਆਦਾ ਨੁਕਸਾਨ ਹੋਵੇਗਾ। ਅਨਾਜ ਉਤਪਾਦਨ ਵਿਚ 4-5 ਕਰੋੜ ਟਨ ਦੀ ਕਮੀ ਆਵੇਗੀ। ਠੰਡ ਦੇ ਕਾਰਨ ਆਲੂ ਤੇ ਮਟਰ ਆਦਿ ਦਾ ਵੀ ਨੁਕਸਾਨ ਹੋਵੇਗਾ।

**ਪਿਤਾ ਜੀ:** ਫ਼ਸਲਾਂ ਨੂੰ ਬੀਜਣ ਵਾਲਾ ਖੇਤਰ ਵੀ ਬਦਲੇਗਾ, ਖ਼ਾਧ ਪਦਾਰਥਾਂ ਦੇ ਵਪਾਰ ਦਾ ਪੂਰੇ ਵਿਸ਼ਵ ਵਿਚ ਅਸੰਤੁਲਨ ਬਣੇਗਾ। ਪਸ਼ੂਆਂ ਵਿਸ਼ੇਸ਼ ਕਰਕੇ ਦੁਧਾਰੂ ਪਸ਼ੂਆਂ ਦੀਆਂ ਜ਼ਰੂਰਤਾਂ ਵਧਣਗੀਆਂ। ਜਲ ਦਾ ਤਾਪਮਾਨ ਵਧਣ ਕਾਰਨ ਮੱਛੀਆਂ ਅਤੇ ਹੋਰ ਜਲੀ ਜੰਤੂਆਂ ਦੀ ਪ੍ਰਜਣਨ ਸਮਰਥਾ ਅਤੇ ਉਪਲੱਬਧਤਾ ਵਿਚ ਤਬਦੀਲੀ ਆਵੇਗੀ। ਕੀਟਾਂ ਦੀ ਸੰਖਿਆ ਵਧੇਗੀ ਤੇ ਸੂਖਮ ਜੀਵ ਨਸ਼ਟ ਹੋਣਗੇ।ਸਿੰਚਾਈ ਲਈ ਪਾਣੀ ਦੀ ਉਪਲਬੱਧਤਾ ਘੱਟਣ ਨਾਲ ਉਤਪਾਦਨ ਘਟੇਗਾ !

**ਅਕਾਸ਼:** ਭਾਵ ਕਿ ਮਿੱਟੀ ‘ਤੇ ਵੀ ਜਲਵਾਯੂ-ਪਰਿਵਰਤਨ ਦਾ ਪ੍ਰਭਾਵ ਪੈਂਦਾ ਹੈ ?

**ਪਿਤਾ ਜੀ:** ਹਾਂ ! ਮਿੱਟੀ ਵੀ ਜਲਵਾਯੂ-ਪਰਿਵਰਤਨ ਨਾਲ ਪ੍ਰਭਾਵਿਤ ਹੋ ਰਹੀ ਹੈ। ਤਾਪਮਾਨ ਵਧਣ ਨਾਲ ਮਿੱਟੀ ਦੀ ਨਮੀ ਅਤੇ ਕਾਰਜ ਸਮਰਥਾ ਪ੍ਰਭਾਵਿਤ ਹੋਵੇਗੀ। ਮਿੱਟੀ ਵਿਚ ਖਾਰਾਪਨ ਵਧੇਗਾ ਅਤੇ ਜੈਵ-ਵਿਭਿੰਨਤਾ ਘਟਦੀ ਜਾਵੇਗੀ। ਧਰਤੀ ਹੇਠਲਾ ਜਲ ਡੂੰਘਾ ਜਾਣ ਨਾਲ ਵੀ ਮਿੱਟੀ ਦੀ ਉਤਪਾਦਕਤਾ ‘ਤੇ ਮਾੜਾ ਪ੍ਰਭਾਵ ਪਵੇਗਾ। ਹੜ੍ਹ ਕਾਰਨ ਭੋਂਅ ਖੋਰ ਵਧੇਗਾ, ਸੋਕੇ ਕਾਰਨ ਧਰਤੀ ਬੰਜਰ ਬਣੇਗੀ ।

**ਮਾਂ:** ਹਰੇਕ 1 ਡਿਗਰੀ ਸੈਂਟੀਗ੍ਰੇਡ ਤਾਪਮਾਨ ਵਧਣ ਦਾ ਅਰਥ ਹੈ ਕਣਕ ਦਾ 4-5 ਕਰੋੜ ਟਨ ਘੱਟ ਉਤਪਾਦਨ।

**ਪਿਤਾ ਜੀ:** ਭਾਰਤ ਦੇ ਕੁਲ ਫਸਲ ਉਤਪਾਦਨ ਵਿਚ 42.5% ਹਿੱਸਾ ਚੌਲਾਂ ਦਾ ਹੈ ! ਅਨੁਮਾਨ ਹੈ ਕਿ ਦੋ ਡਿਗਰੀ ਸੈਂਟੀਗ੍ਰੇਡ ਤਾਪਮਾਨ ਵਾਧੇ ਨਾਲ ਚੌਲਾਂ ਦਾ ਝਾੜ 0.75 ਟਨ ਪ੍ਰਤੀ ਹੈਕਟੇਅਰ ਘੱਟ ਜਾਏਗਾ। ਝੋਨੇ ਦਾ ਉਤਪਾਦਨ ਕਣਕ ਨਾਲੋਂ ਜ਼ਿਆਦਾ ਪ੍ਰਭਾਵਿਤ ਹੋਵੇਗਾ।ਕਣਕ-ਝੋਨਾ ਖੇਤੀ ਆਧਾਰਤ ਅਰਥ ਵਿਵਸਥਾ ਦੇ ਲਈ ਇਹ ਬਹੁਤ ਵੱਡਾ ਖ਼ਤਰਾ ਹੈ।

**ਬਾਨੀ:** ਪਰ ਪਿਤਾ ਜੀ ਇਸ ਖਤਰੇ ਤੋਂ ਬਚਣ ਦੇ ਉਪਾਅ ਕੀਤੇ ਜਾ ਰਹੇ ਨੇ ਜਾਂ ਨਹੀਂ ?

**ਪਿਤਾ ਜੀ:** ਦੁਨੀਆ ਭਰ ਦੇ ਸਾਰੇ ਦੇਸ਼ ਮਿਲ ਕੇ ਜਲਵਾਯੂ-ਪਰਿਵਰਤਨ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਉਪਾਅ ਤਲਾਸ਼ ਰਹੇ ਹਨ। ਕਈ ਗੱਲਾਂ 'ਤੇ ਸਹਿਮਤੀ ਬਣ ਗਈ ਹੈ।

**ਮਾਂ:** ਜਲਵਾਯੂ-ਪਰਿਵਰਤਨ ਨਾਲ ਨਿਪਟਣ ਲਈ ਕੁਝ ਮੁੱਖ ਗੱਲਾਂ ਨੂੰ ਧਿਆਨ ਵਿਚ ਰੱਖਣ ਦੀ ਜ਼ਰੂਰਤ ਹੈ :

- ਵਿਕਾਸ ਦੇ ਮਾਡਲ ਨੂੰ ਕੁਦਰਤਪੱਖੀ ਬਣਾਉਣ ਲਈ ਨੀਤੀਗਤ ਬਦਲਾਅ ! ਜੀਵਣਸ਼ੈਲੀ ਬਦਲ ਕੇ ਖਪਤਵਾਦ ਘਟਾਉਣਾ, ਵਰਤੋ ਤੇ ਸੁਟੋ ਸਭਿਆਚਾਰ ਨੂੰ ਨੱਥ ਪਾਉਣੀ ਅਤੇ ਫੋਕਟ ਪੈਦਾ ਕਰਨ ਵਾਲੇ ਉਦਯੋਗਾਂ ਨੂੰ ਆਪਣੇ ਫੋਕਟ ਦਾ ਨਿਪਟਾਰਾ ਖੁਦ ਕਰਨ ਵਾਸਤੇ ਨੀਤੀ ਬਣਾਉਣਾ !
- ਘਟ ਵਰਤੋ, ਮੁੜ ਵਰਤੋ, ਮੁਰੰਮਤ ਕਰਕੇ ਵਰਤੋ, ਪੁਨਰ-ਚਕਰੀਕਰਨ ਕਰਕੇ ਵਰਤੋ ਸਭਿਆਚਾਰ ਅਪਣਾਉਣਾ!
- ਕਾਰਬਨ ਪੈੜਾਂ ਘਟਾਉਣ ਲਈ ਉਤਪਾਦਨ ਦਾ ਵਿਕੇਂਦਰੀ ਕਰਨ ਕਰਕੇ, ਸਥਾਨਕ ਪੱਧਰ ਦਾ ਉਤਪਾਦਨ ਅਤੇ ਵਰਤੋਂ ਦੇ ਤੌਰ ਤਰੀਕੇ ਅਪਣਾਉਣ ਵਾਸਤੇ ਉਦਯੋਗਾਂ ਤੇ ਤਕਨਾਲੋਜੀ ਵਿੱਚ ਲੋੜੀਂਦੇ ਬਦਲਾਅ ! ਊਰਜਾ ਦੀ ਵਰਤੋਂ ਵਿੱਚ ਸੰਜਮ ! ਜੈਵਿਕ ਬਾਲਣਾਂ ਦਾ ਪ੍ਰਯੋਗ ਘੱਟ ਕਰਨਾ !
- ਸ਼ਹਿਰੀ ਖੇਤਰਾਂ ਵਿਚ ਜਲ ਨਿਕਾਸੀ, ਠੋਸ ਕੂੜਾ ਪ੍ਰਬੰਧਨ, ਸੀਵੇਜ ਵਿਵਸਥਾਵਾਂ, ਸਾਫ ਪਾਣੀ ਵਰਗੇ ਵਿਸ਼ਿਆਂ ਵਿਚ ਵਿਆਪਕ ਸੁਧਾਰ ਲਿਆਉਣਾ ! ਸੀਵੇਜ ਦਾ ਸਹੀ ਉਪਚਾਰ ਅਤੇ ਸੀਵੇਜ ਦੇ ਪਾਣੀ ਨੂੰ ਸਿੰਚਾਈ ਲਈ ਵਰਤਨਾ, ਦਰਿਆਵਾਂ ਵਿੱਚ ਸੁੱਟਣ 'ਤੇ ਰੋਕ !
- ਉਦਯੋਗਾਂ ਨੂੰ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਕਰਨ ਤੋਂ ਮੁਕਤ ਕਰਨ ਵਾਸਤੇ ਨਿਯਮਾਂ ਦਾ ਸਖਤੀ ਨਾਲ ਪਾਲਣ ਕਰਨਾ ਤੇ ਉਦਯੋਗਾਂ ਦੇ ਪ੍ਰਦੂਸ਼ਿਤ ਪਾਣੀ ਦਾ ਨਿਰਧਾਰਤ ਮਾਪ-ਡੰਡਾਂ ਅਨੁਸਾਰ ਉਪਚਾਰ !
- ਫਸਲਾਂ ਦੀ ਰਹਿੰਦ ਖੂੰਹਦ ਨੂੰ ਖੇਤਾਂ ਵਿੱਚ ਜਲਾਉਣ ਦੀ ਥਾਂ ਮਗਨਰੇਗਾ ਰਾਹੀਂ ਜੈਵਿਕ ਖਾਦ ਬਣਾਉਣ ਵਾਸਤੇ ਵਰਤਨਾ, ਗ਼ੈਰ-ਰਸਾਇਣਿਕ ਖ਼ੇਤੀ ਆਦਿ ਵਰਗੀਆਂ ਗਤੀਵਿਧੀਆਂ 'ਤੇ ਧਿਆਨ ਦੇਣਾ!
- ਸਭ ਤੋਂ ਵੱਧ ਜ਼ਰੂਰੀ ਹੈ ਟਿਕਾਊ ਵਿਕਾਸ ਵੱਲ ਪੁਲਾਂਘ !

**ਮਾਂ:** ਅਤੇ ਇਸਦੇ ਨਾਲ-ਨਾਲ ਸਾਨੂੰ ਰੁੱਖ ਲਾਉਣ, ਰੁੱਖਾਂ ਅਤੇ ਜੰਗਲਾਂ ਦੀ ਸੁਰੱਖਿਆ ਕਰਨ, ਕੁਦਰਤੀ ਸਾਧਨਾਂ ਦੀ

ਉਚਿਤ ਅਤੇ ਵਿਵੇਕਪੂਰਨ ਵਰਤੋਂ ਕਰਨ ਅਤੇ ਪਥਰਾਟੀ ਬਾਲਣਾ ‘ਤੇ ਨਿਰਭਰਤਾ ਨੂੰ ਘੱਟ ਤੋਂ ਘੱਟ ਕਰਨ ਵੱਲ ਫੌਰੀ ਧਿਆਨ ਦੇਣਾ ਪਵੇਗਾ

**ਵਾਨੀ:** ਮੰਮਾ, ਇੱਕ ਚੀਜ਼ ਤਾਂ ਰਹਿ ਗਈ (ਹਸਦੇ ਹੋਏ) ਪਲਾਸਟਿਕ ਦੀ ਵਰਤੋਂ ਵੀ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ।

**ਪਿਤਾ ਜੀ:** ਹਾਂ ਠੀਕ ਹੈ ! ਬਸ ਲਓ ਹੁਣ ਘਰ ਆ ਗਿਆ। ਜਲਦੀ ਨਾਲ ਸਭ ਖਾਣੇ ਦੀ ਤਿਆਰੀ ਕਰੋ, ਅੱਜ ਦੇ ਲਈ ਐਨਾ ਹੀ ਕਾਫੀ ਹੈ।

**ਅਕਾਸ਼:** ਹਾਂ, ਭੁੱਖ ਵੀ ਜ਼ੋਰ ਦੀ ਲੱਗੀ ਹੈ।

ਸਭ ਦੇ ਹੱਸਣ ਦੀ ਅਵਾਜ਼.........

**ਮਾਂ:** (ਹੱਸਦੇ ਹੋਏ) ਹਾਂ-ਹਾਂ ਕਿਉਂ ਨਹੀਂ.........!

**ਪ੍ਰਸ਼ਨ:**

**ਪ੍ਰਸ਼ਨ -1** ਜਲਵਾਯੂ ਬਦਲਾਅ ਕਾਰਨ ਵਧੇ ਤਾਪਮਾਨ ਦਾ ਕਣਕ ਅਤੇ ਝੋਨੇ ਦੇ ਝਾੜ ‘ਤੇ ਕੀ ਪ੍ਰਭਾਵ ਪਵੇਗਾ?

**ਉੱਤਰ : ਸਾਲ 2100 ਤੱਕ ਝਾੜ 10 ਤੋਂ 40% ਤੱਕ ਘੱਟ ਜਾਵੇਗਾ !**

**ਪ੍ਰਸ਼ਨ-2** ਕਾਰਬਨ ਪੈੜਾਂ ਘਟਾਉਣ ਵਾਸਤੇ ਅਸੀਂ ਸਥਾਨਕ ਪੱਧਰ ‘ਤੇ ਕੀ ਕਰ ਸਕਦੇ ਹਾਂ ?

**ਉੱਤਰ:** ਉਤਪਾਦਨ ਦਾ ਵਿਕੇਂਦਰੀਕਰਨ , ਸਥਾਨਕ ਉਤਪਾਦਨ ਤੇ ਸਥਾਨਕ ਵਰਤੋਂ !